ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪ੍ਰੈਲ ਮਈ 2020

## ਇਕਾਂਗੀ ਗਊਮੁਖਾ ਸ਼ੇਰਮੁਖਾ (ਗੁਰਚਰਨ ਸਿੰਘ ਜਸੂਜਾ)

### 1.ਸ਼ਰਨ ਸਿੰਘ ਦਾ ਪਾਤਰ ਚਿਤਰਨ ਕਰੋ ?

**ਜਾਣ ਪਛਾਣ :-** ਸ਼ਰਨ ਸਿੰਘ 'ਗਊਮੁਖਾ-ਸ਼ੇਰਮੁਖਾ' ਇਕਾਂਗੀ ਦਾ ਮੁੱਖ ਪਾਤਰ ਹੈ। ਉਹ ਇੱਕ ਦਲਾਲ ਹੈ। ਉਸ ਦੀ ਦਾੜ੍ਹੀ ਕਰੜ-ਬਰੜੀ, ਕੱਪੜੇ-ਸਾਦੇ, ਪੱਗ ਜ਼ਰਾ ਕੁ ਮੈਲੀ ਤੇ ਕਮੀਜ਼ ਤੇ ਪਜਾਮਾ ਜ਼ਰਾ ਕੁ ਖੁੱਲ੍ਹੇ ਹਨ। ਇਕਾਂਗੀਕਾਰ ਨੇ ਇਸ ਇਕਾਂਗੀ ਦੀ ਰਚਨਾ ਉਸ ਦੇ ਚੁਸਤ-ਚਲਾਕ, ਢੀਠ, ਬੇਸ਼ਰਮ, ਗੱਲਾਂ ਦੇ ਜਾਦੂਗਰ, ਝੂਠੀ ਆਪਣਾ ਜ਼ਾਹਰ ਕਰਨ ਵਾਲੇ ਅਤੇ ਆਪਣਾ ਉੱਲੂ ਸਿੱਧਾ ਕਰਨ ਵਾਲੇ ਚਰਿੱਤਰ ਨੂੰ ਉਘਾੜਨ ਲਈ ਕੀਤੀ ਹੈ। ਅੱਗੇ ਅਸੀਂ ਉਸ ਦੇ ਚਰਿੱਤਰ ਦੇ ਇਨ੍ਹਾਂ ਪੱਖਾਂ ਉੱਤੇ ਵਿਚਾਰ ਕਰਦੇ ਹਾਂ :-

**ਚੁਸਤ-ਚਲਾਕ, ਢੀਠ ਤੇ ਬੇਸ਼ਰਮ :-** ਸ਼ਰਨ ਸਿੰਘ ਵਿੱਚ ਇੱਕ ਦਲਾਲ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਮੌਜੂਦ ਹਨ। ਉਹ ਬੜਾ ਢੀਠ ਤੇ ਬੇਸ਼ਰਮ ਹੈ। ਉਹ ਲੋਕਾਂ ਦੇ ਘਰ ਬੜੀ ਢੀਠਤਾਈ ਤੇ ਬੇਸ਼ਰਮੀ ਨਾਲ ਚੱਕਰ ਮਾਰਦਾ ਹੈ। ਉਹ ਬੜੀ ਚਲਾਕੀ ਨਾਲ ਦੂਜਿਆਂ ਨੂੰ ਆਪਣੇ ਮਤਲਬ ਦੀ ਗੱਲ 'ਤੇ ਲੈ ਕੇ ਆਉਂਦਾ ਹੈ ਤੇ ਫਿਰ ਉਨ੍ਹਾਂ ਨੂੰ ਚੁਸਤੀ-ਚਲਾਕੀ ਨਾਲ ਵਹਿਮਾਂ ਵਿਚ ਪਾ ਕੇ ਜਾਂ ਵਹਿਮਾਂ ਵਿੱਚੋਂ ਕੱਢ ਕੇ ਆਪਣਾ ਉੱਲੂ ਸਿੱਧਾ ਕਰਦਾ ਹੈ।

**ਗੱਲਾਂ ਦਾ ਜਾਦੂਗਰ :-** ਉਹ ਗੱਲਾਂ ਦਾ ਜਾਦੂਗਰ ਹੈ। ਉਹ ਆਪਣੀ ਗੱਲ ਦੀ ਵਿਆਖਿਆ ਲਈ ਜਾਂ ਅਗਲੇ ਨੂੰ ਆਪਣੀ ਗੱਲ ਮੰਨਣ ਲਈ ਤਿਆਰ ਕਰਨ ਸਮੇਂ ਝੱਟਪੱਟ ਗੱਲਾਂ ਤਿਆਰ ਕਰ ਲੈਂਦਾ ਹੈ।

**ਦੂਜਿਆਂ ਨਾਲ ਝੂਠੀ ਅਪਣੱਤ ਜ਼ਾਹਰ ਕਰਨ ਵਾਲਾ:-** ਉਹ ਕਿਸ਼ਨ ਦੇਈ ਨਾਲ ਝੂਠੀ ਅਪਣੱਤ ਜ਼ਾਹਰ ਕਰਦਾ ਹੋਇਆ ਝੂਠ ਬੋਲਦਾ ਹੈ ਕਿ ਉਸ ਦਾ ਪਤੀ ਉਸ ਦਾ ਸਹਿਪਾਠੀ ਸੀ ਤੇ ਉਸ ਦਾ ਮਿੱਤਰ ਸੀ, ਜਦ ਕਿ ਉਹ ਉਸ ਦਾ ਵਾਕਫ਼ ਵੀ ਨਹੀਂ ਸੀ। ਦੂਜੇ ਪਾਸੇ ਚੋਪੜਾ ਸਾਹਿਬ ਨਾਲ ਝੂਠੀ ਮਿੱਤਰਤਾ ਕਰਦਾ ਹੈ, ਜਦ ਕਿ ਉਹ ਇੱਕ ਧਿਰ ਨੂੰ ਕੁਝ ਕਹਿੰਦਾ ਹੈ ਤੇ ਦੂਜੀ ਨੂੰ ਕੁੱਝ।

**ਆਪਣਾ ਉੱਲੂ ਸਿੱਧਾ ਕਰਨ ਵਾਲਾ :-** ਸ਼ਰਨ ਸਿੰਘ ਦੀ ਝੂਠੀ ਅਪਣੱਤ ਤੇ ਹਮਦਰਦੀ ਵਿੱਚ ਫਸ ਕੇ ਇੱਕ ਪਾਸੇ ਕਿਸ਼ਨ ਦੇਈ ਤੇ ਦੂਜੇ ਪਾਸੇ ਚੋਪੜਾ ਸਾਹਿਬ ਸਮਝਦੇ ਹਨ ਕਿ ਉਨ੍ਹਾਂ ਸ਼ਰਨ ਸਿੰਘ ਦੀ ਸਹਾਇਤਾ ਨਾਲ ਚੰਗਾ ਸੌਦਾ ਮਾਰ ਲਿਆ ਹੈ। ਪਰ ਅਸਲ ਵਿੱਚ ਸ਼ਰਨ ਸਿੰਘ ਦਾ ਅਜਿਹਾ ਕੋਈ ਮੰਤਵ ਨਹੀਂ ਸੀ ਕਿ ਕਿਸੇ ਧਿਰ ਨੂੰ ਲਾਭ ਪੁੱਜੇ ਤੇ ਉਨ੍ਹਾਂ ਦੇ ਲੜਕਿਆਂ ਦਾ ਭਵਿੱਖ ਉਜਲਾ ਹੋਵੇ। ਉਸ ਦਾ ਮੰਤਵ ਆਪਣੀ ਦਲਾਲੀ ਖ਼ਰੀ ਕਰਨਾ ਅਰਥਾਤ ਆਪਣਾ ਉੱਲੂ ਸਿੱਧਾ ਕਰਨਾ ਸੀ।

## 2. ਕਿਸ਼ਨ ਦੇਈ ਦਾ ਪਾਤਰ ਚਿਤਰਨ ਕਰੋ

**ਜਾਣ ਪਛਾਣ :-** ਕਿਸ਼ਨ ਦੇਈ 'ਗਊਮੁੱਖਾ-ਸ਼ੇਰਮੁੱਖਾ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਅੱਧਖੜ੍ਹ ਉਮਰ ਦੀ ਵਿਧਵਾ ਔਰਤ ਹੈ। ਉਸ ਦਾ ਪਹਿਰਾਵਾ ਸਾਦਾ ਹੈ। ਉਸ ਦੇ ਘਰ ਦੇ ਕਮਰੇ ਦੀ ਸਜਾਵਟ ਤੋਂ ਪਤਾ ਲੱਗਦਾ ਹੈ ਕਿ ਉਹ ਦਰਮਿਆਨੇ ਮੇਲ ਦੇ ਘਰਾਣੇ ਨਾਲ ਸਬੰਧ ਰੱਖਦੀ ਹੈ। ਇਕਾਂਗੀਕਾਰ ਨੇ ਉਸ ਦੇ ਪਾਤਰ ਰਾਹੀਂ ਸ਼ਰਨ ਸਿੰਘ ਦਲਾਲ ਦੇ ਚੁਸਤ-ਚਲਾਕ, ਢੀਠ, ਬੇਸ਼ਰਮ, ਖ਼ੁਦਗਰਜ਼, ਝੂਠੀ ਅਪਣੱਤ ਜ਼ਾਹਰ ਕਰਨ ਵਾਲੇ ਤੇ ਗੱਲਾਂ ਦਾ ਖੱਟਿਆ ਖਾਣ ਵਾਲੇ ਚਰਿੱਤਰ ਨੂੰ ਖ਼ੂਬ ਸਫ਼ਲਤਾ ਨਾਲ ਉਘਾੜਿਆ ਹੈ। ਕਿਸ਼ਨ ਦੇਈ ਦੇ ਚਰਿੱਤਰ ਵਿਚ ਅਸੀਂ ਹੇਠ ਲਿਖੇ ਗੁਣ ਦੇਖਦੇ ਹਾਂ :-

**ਸਫ਼ਾਈ ਪਸੰਦ :-** ਇਕਾਂਗੀ ਦੇ ਆਰੰਭ ਹੋਣ ਸਮੇਂ ਹੀ ਉਹ ਸਟੇਜ ਉੱਪਰ ਕਮਰੇ ਦੀਆਂ ਚੀਜ਼ਾਂ ਤੇ ਫ਼ਰਨੀਚਰ ਆਦਿ ਦੀ ਸਫ਼ਾਈ ਕਰਦੀ ਨਜ਼ਰ ਆਉਂਦੀ ਹੈ। ਉਹ ਆਪਣੇ ਪੁੱਤਰ ਸੁਦਰਸ਼ਨ ਨੂੰ ਕਹਿੰਦੀ ਹੈ ਕਿ ਉਸ ਨੇ ਆਪਣਾ ਕਮਰਾ ਸਾਫ ਕਿਉਂ ਨਹੀਂ ਕੀਤਾ, ਜਦਕਿ ਉਸ ਦੇ ਕਮਰੇ ਵਿੱਚ ਉਸ ਦੀਆਂ ਕਿਤਾਬਾਂ ਘੱਟੇ ਨਾਲ ਭਰੀਆਂ ਹੋਈਆਂ ਹਨ। ਸੁਦਰਸ਼ਨ ਨੂੰ ਇਸ ਗੱਲ ਦੀ ਸ਼ਿਕਾਇਤ ਹੈ ਕਿ ਉਹ ਸਾਰਾ ਦਿਨ ਸਫ਼ਾਈ ਕਰਨ ਵਿੱਚ ਲੱਗੀ ਰਹਿੰਦੀ ਹੈ।

**ਸੁਹਜਵਾਦੀ ਰੁਚੀਆਂ ਵਾਲੀ :-** ਉਹ ਸੁਹਜਵਾਦੀ ਰੁਚੀ ਦੀ ਮਾਲਕ ਹੈ। ਉਸ ਨੇ ਆਪਣਾ ਮਕਾਨ ਬੜੀ ਰੀਝ ਨਾਲ ਬਣਵਾਇਆ ਹੈ ਤੇ ਆਪ ਕੋਲ ਖੜ੍ਹੀ ਹੋ ਕੇ ਫ਼ਰਸ਼ ਪੁਆਏ ਹਨ। ਉਸ ਦਾ ਪਤੀ ਵੀ ਅਜਿਹੀ ਹੀ ਰੁਚੀ ਦਾ ਮਾਲਕ ਸੀ। ਉਹ ਘਰ ਉੱਤੇ ਫ਼ਰਸ਼ਾਂ ਦੀ ਸਫ਼ਾਈ ਵੀ ਇਸੇ ਰੁਚੀ ਦੇ ਅਧੀਨ ਹੀ ਰੱਖਦੀ ਹੈ।

**ਪ੍ਰਸੰਸਾ ਸੁਣ ਕੇ ਖ਼ੁਸ਼ ਹੋਣ ਵਾਲੀ :-** ਉਹ ਪਹਿਲਾਂ ਤਾਂ ਸ਼ਰਨ ਸਿੰਘ ਦਲਾਲ ਨੂੰ ਘਰ ਨਹੀਂ ਸੀ ਵੜਨ ਦੇਣਾ ਚਾਹੁੰਦੀ ਪਰ ਜਦੋਂ ਉਹ ਉਸ ਅੱਗੇ ਉਸ ਦੇ ਮਕਾਨ ਦੇ ਫਰਸ਼ਾਂ ਦੀ ਪ੍ਰਸ਼ੰਸਾ ਕਰਦਾ ਹੈ ਤਾਂ ਇਹ ਖੁਸ਼ ਹੋ ਕੇ ਉਸ ਨੂੰ ਸ਼ਰਬਤ ਆਦਿ ਪਿਲਾਉਂਦੀ ਹੈ।

**ਕਿਸਮਤ ਵਿੱਚ ਵਿਸ਼ਵਾਸ ਰੱਖਣ ਵਾਲੀ :-** ਉਹ ਆਪਣੇ ਪਤੀ ਦੀ ਮੌਤ ਬਾਰੇ ਸ਼ਰਨ ਸਿੰਘ ਨੂੰ ਠੰਢਾ ਸਾਹ ਭਰ ਕੇ ਦੱਸਦੀ ਹੈ ਕਿਸਮਤ ਦੀ ਲਿਖੀ ਨੂੰ ਕੋਈ ਨਹੀਂ ਮੋੜ ਸਕਦਾ।

**ਆਰਥਿਕ ਤੌਰ ਤੇ ਤੰਗ:-** ਉਹ ਆਰਥਿਕ ਤੌਰ 'ਤੇ ਤੰਗ ਹੈ। ਉਸ ਨੂੰ ਆਪਣੇ ਬੱਚੇ ਦੀ ਪੜ੍ਹਾਈ ਦੇ ਖ਼ਰਚ ਦਾ ਫਿਕਰ ਹੈ। ਉਸ ਕੋਲ ਉਸ ਨੂੰ ਕੋਈ ਕੰਮ ਖੋਲ ਕੇ ਦੇਣ ਲਈ ਪੈਸੇ ਵੀ ਨਹੀਂ ਹਨ। ਇਸ ਕਰਕੇ ਉਹ ਸ਼ਰਨ ਸਿੰਘ ਦੇ ਕਹੇ ਮਕਾਨ ਵੇਚਣ ਲਈ ਤਿਆਰ ਹੋ ਜਾਂਦੀ ਹੈ।

**ਗੱਲਾਂ ਵਿੱਚ ਆ ਜਾਣ ਵਾਲੀ :-** ਉਹ ਮਕਾਨ ਵੇਚਣਾ ਨਹੀਂ ਚਾਹੁੰਦੀ ਤੇ ਸ਼ਰਨ ਸਿੰਘ ਨਾਲ ਇਸ ਮਾਮਲੇ 'ਤੇ ਗੱਲ ਵੀ ਨਹੀਂ ਕਰਨੀ ਚਾਹੁੰਦੀ, ਪ੍ਰੰਤੂ ਮਗਰੋਂ ਉਹ ਉਸਦੀਆਂ ਝੂਠੀਆਂ ਅਪਣੱਤ ਨਾਲ ਭਰੀਆਂ ਗੱਲਾਂ ਵਿੱਚ ਆ ਜਾਂਦੀ ਹੈ ਤੇ ਮਕਾਨ ਵੇਚ ਦਿੰਦੀ ਹੈ।

**ਭਵਿੱਖ ਦੇ ਸੁਪਨੇ ਲੈਣ ਵਾਲੀ :-** ਉਹ ਸੋਚਦੀ ਹੈ ਕਿ ਮਕਾਨ ਵੇਚ ਕੇ ਜੇਕਰ ਉਸ ਦਾ ਪੁੱਤਰ ਸੁਦਰਸ਼ਨ ਕੋਈ ਕੰਮ ਚਲਾ ਲਵੇ, ਤਾਂ ਫਿਰ ਬਥੇਰੇ ਮਕਾਨ ਬਣ ਜਾਣਗੇ, ਨਾਲ ਹੀ ਘਰ ਵਿੱਚ ਬਸਤੀ ਛਣਕਦੀ ਵਹੁਟੀ ਆਵੇਗੀ। ਫਿਰ ਉਸ ਦੇ ਪੋਤਰਾ ਹੋਵੇਗਾ, ਜਿਸ ਨੂੰ ਉਹ ਰਾਤ-ਦਿਨ ਖਿਡਾਉਂਦੀ ਨਹੀਂ ਥੱਕੇਗੀ।

### 3. ਸੁਦਰਸ਼ਨ ਦਾ ਪਾਤਰ ਚਿੱਤਰਣ ਕਰੋ ?

**ਜਾਣ ਪਛਾਣ :-** ਸੁਦਰਸ਼ਨ 'ਗਊਮੁਖਾ ਸ਼ੇਰਮੁਖਾ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਕਿਸ਼ਨ ਦੇਈ ਦਾ ਪੁੱਤਰ ਹੈ। ਉਸ ਦੀ ਉਮਰ ਸਤਾਰਾਂ ਅਠਾਰਾਂ ਸਾਲਾਂ ਦੀ ਹੈ। ਉਸ ਨੇ ਦਸਵੀਂ ਪਾਸ ਕਰ ਲਈ ਹੈ। ਉਨ੍ਹਾਂ ਦੇ ਘਰ ਦੇ ਕਮਰੇ ਦੀ ਸਜਾਵਟ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਦਰਮਿਆਨੇ ਘਰਾਣੇ ਦਾ ਮੁੰਡਾ ਹੈ। ਉਸ ਦੇ ਪਾਤਰ ਰਾਹੀਂ ਇਕਾਂਗੀਕਾਰ ਨੇ ਕਿਸ਼ਨ ਦੀਆਂ ਉਨ੍ਹਾਂ ਮਜਬੂਰੀਆਂ ਨੂੰ ਸਾਹਮਣੇ ਲਿਆਂਦਾ ਹੈ, ਜਿਨ੍ਹਾਂ ਦਾ ਫਾਇਦਾ ਉਠਾ ਕੇ ਸ਼ਰਨ ਸਿੰਘ ਉਸ ਨੂੰ ਮਕਾਨ ਵੇਚਣ ਲਈ ਤਿਆਰ ਕਰਦਾ ਹੈ। ਉਸ ਦੇ ਚਰਿੱਤਰ ਵਿੱਚ ਅਸੀਂ ਹੇਠ ਲਿਖੇ ਗੁਣ ਦੇਖਦੇ ਹਾਂ :-

**ਪੜ੍ਹਨ ਵਿੱਚ ਹੁਸ਼ਿਆਰ :-** ਸੁਦਰਸ਼ਨ ਪੜ੍ਹਨ ਵਿੱਚ ਹੁਸ਼ਿਆਰ ਹੈ। ਉਸਨੇ ਦਸਵੀਂ ਫ਼ਸਟ ਡਿਵੀਜ਼ਨ ਵਿੱਚ ਪਾਸ ਕੀਤੀ ਹੈ। **ਮਾਂ ਦਾ ਆਗਿਆਕਾਰ :-** ਉਹ ਮਾਂ ਦਾ ਆਗਿਆਕਾਰ ਹੈ। ਜਦੋਂ ਮਾਂ ਉਸ ਨੂੰ ਪੁੱਛ ਪੁੱਛਦੀ ਹੈ ਕਿ ਉਹ ਆਪਣੇ ਕਿਸੇ ਕਾਰ-ਵਿਹਾਰ ਉੱਤੇ ਲੱਗਣ ਬਾਰੇ ਕੀ ਵਿਚਾਰ ਰੱਖਦਾ ਹੈ ਤਾਂ ਉਹ ਕਹਿੰਦਾ ਹੈ,"ਜਿਵੇਂ ਤੁਸੀਂ ਆਖੋਂ।"

**ਮਾਂ ਨਾਲੋਂ ਘਰ ਦੀ ਸਫ਼ਾਈ ਵੱਲ ਘੱਟ ਧਿਆਨ ਦੇਣ ਵਾਲਾ :-** ਉਸ ਦੀ ਮਾਂ ਨੂੰ ਸ਼ਿਕਾਇਤ ਹੈ ਕਿ ਉਸ ਨੇ ਆਪਣਾ ਕਮਰਾ ਸਾਫ਼ ਨਹੀਂ ਕੀਤਾ ਤੇ ਉਸ ਦੀਆਂ ਕਿਤਾਬਾਂ ਘੱਟੇ ਨਾਲ ਭਰੀਆਂ ਹੋਈਆਂ ਹਨ। ਉਹ ਆਪਣੀ ਮਾਂ ਦੀ ਸਫ਼ਾਈ ਵੱਲ ਰੁਚੀ ਬਾਰੇ ਕਹਿੰਦਾ ਹੈ," ਪਰ ਝਾਈ ਤੂੰ ਵੀ ਤਾਂ ਐਵੇਂ ਸਾਰਾ ਦਿਨ ਲੱਗੀ ਰਹਿੰਦੀ ਏ।"

**ਵਹਿਮਾਂ ਵਿੱਚ ਪੈ ਜਾਣ ਵਾਲਾ :-** ਉਹ ਸ਼ਰਨ ਸਿੰਘ ਦੇ ਮੂੰਹੋਂ ਆਪਣੇ ਘਰ ਦੇ ਨੇੜੇ ਪੂਰੇ ਜਾ ਚੁੱਕੇ ਖੂਹ ਉੱਤੇ ਭੂਤਾਂ-ਚੁੜੇਲਾਂ ਦੇ ਵਾਸੇ ਬਾਰੇ ਸੁਣ ਕੇ ਡਰ ਜਾਂਦਾ ਹੈ। ਇਸ ਪਿੱਛੋਂ ਉਹ ਸ਼ਰਨ ਸਿੰਘ ਦੇ ਮੂੰਹੋਂ ਆਪਣੇ ਮਕਾਨ ਦੇ ਸ਼ੇਰਮੁਖੇ ਹੋਣ ਦਾ ਨੁਕਸਾਨ ਸੁਣ ਕੇ ਵੀ ਡਰ ਜਾਂਦਾ ਹੈ।

**ਇੱਕ ਜ਼ਿੰਮੇਵਾਰ ਪੁੱਤਰ :-** ਉਸ ਦਾ ਪੜ੍ਹਾਈ ਵਿੱਚ ਹੁਸ਼ਿਆਰ ਹੋਣਾ ਤੇ ਮਾਂ ਦੁਆਰਾ ਉਸ ਦੇ ਭਵਿੱਖ ਬਾਰੇ ਪੁੱਛੇ ਜਾਣ 'ਤੇ ਉਸ ਦਾ ਇਹ ਆਖਣਾ ਕਿ 'ਜਿਵੇਂ ਤੁਸੀਂ ਆਖੋਂ' ਉਸ ਦੇ ਇੱਕ ਜ਼ਿੰਮੇਵਾਰ ਪੁੱਤਰ ਹੋਣ ਦੇ ਸਬੂਤ ਹਨ।

**4. ਚੋਪੜਾ ਸਾਹਿਬ ਦਾ ਪਾਤਰ ਚਿੱਤਰਣ ਕਰੋ ?**

**ਜਾਣ ਪਛਾਣ :-** ਚੋਪੜਾ ਸਾਹਿਬ 'ਗਊਮੁਖਾ ਸ਼ੇਰਮੁਖਾ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਅੱਧਖੜ੍ਹ ਉਮਰ ਦਾ ਆਦਮੀ ਹੈ। ਉਸ ਨੇ ਪੈਂਟ ਪਾਈ ਹੋਈ ਹੈ ਅਤੇ ਉਸ ਦੇ ਹੱਥ ਵਿੱਚ ਹੈਟ ਹੈ। ਉਸ ਦੇ ਚਰਿੱਤਰ ਰਾਹੀਂ ਇਕਾਂਗੀਕਾਰ ਨੇ ਸ਼ਰਨ ਸਿੰਘ ਦਲਾਲ ਦੇ ਚੁਸਤ-ਚਲਾਕ, ਢੀਠ, ਬੇਸ਼ਰਮ, ਖ਼ੁਦਗਰਜ਼ ਤੇ ਗੱਲਾਂ ਦਾ ਖੱਟਿਆ ਖਾਣ ਵਾਲੇ ਚਰਿੱਤਰ ਨੂੰ ਪੇਸ਼ ਕੀਤਾ ਹੈ। ਚੋਪੜਾ ਸਾਹਿਬ ਦੇ ਚਰਿੱਤਰ ਵਿਚ ਅਸੀਂ ਹੇਠ ਲਿਖੇ ਗੁਣ ਦੇਖਦੇ ਹਾਂ :-

**ਗੱਲਾਂ ਵਿੱਚ ਆ ਜਾਣ ਵਾਲਾ :-** ਇਕਾਂਗੀ ਦੇ ਆਰੰਭ ਵਿੱਚ ਚੋਪੜਾ ਸ਼ਰਨ ਸਿੰਘ ਦਲਾਲ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ ਪਰ ਉਹ ਡਾਢਾ ਹੈ ਜਿਸ ਕਰਕੇ ਉਹ ਉਸ ਦੀਆਂ ਗੱਲਾਂ ਵਿੱਚ ਆ ਕੇ ਮਕਾਨ ਖਰੀਦਣ ਲਈ ਤਿਆਰ ਹੋ ਜਾਂਦਾ ਹੈ।

**ਵਹਿਮੀ :-** ਉਹ ਮਕਾਨ ਦੇ ਸ਼ੇਰਮੁਖਾ ਹੋਣ ਦਾ ਵਹਿਮ ਵੀ ਕਰਦਾ ਹੈ ਤੇ ਆਪਣੇ ਇਸ ਵਹਿਮ ਦੇ ਠੀਕ ਹੋਣ ਦੀ ਪੁਸ਼ਟੀ ਲਈ ਪੁੱਛਦਾ ਹੈ,"... ਮੇਰਾ ਖ਼ਿਆਲ ਏ ਸ਼ੇਰਮੁਖਾ ਮਕਾਨ ਏ। ਮਾਲਕ ਮਕਾਨ ਇੱਥੇ ਹੀ ਹੋਇਆ ਸੀ ਨਾ ?"

**ਹਾਸ-ਰਸ ਪੈਦਾ ਕਰਨ ਵਾਲਾ :-** ਚੋਪੜਾ ਉਦੋਂ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦਾ ਹੈ, ਜਦੋਂ ਉਹ ਸ਼ਰਨ ਸਿੰਘ ਨੂੰ ਕਹਿੰਦਾ ਹੈ,"ਯਾਨੀ ਕਿ (ਦਿੱਲੀ ਦੇ ਵਾਸੀ) ਜਿਉਂਦੇ ਜੀਅ ਸਵਰਗਵਾਸੀ ਅਖਵਾਉਣ ਦੇ ਹੱਕਦਾਰ ਹੋ ਗਏ ਹਨ।" ਇਸ ਪਿੱਛੋਂ ਉਹ ਹੱਸਦਾ ਹੋਇਆ ਸ਼ਰਨ ਸਿੰਘ ਨੂੰ ਕਹਿੰਦਾ ਹੈ," ਤਾਂ ਹੁਣ ਤੁਹਾਡਾ ਮਤਲਬ ਹੈ ਸ਼ੇਰਮੁਖੇ ਵੱਲ ਹੱਟੀ ਕਰ ਲਈਏ ਤੇ ਗਊਮੁਖੇ ਵਲ ਘਰ ਬਣਾ ਲਈਏ।"

**ਸੌਦੇਬਾਜ਼ :-** ਉਹ ਸੌਦੇਬਾਜ਼ ਵੀ ਹੈ। ਉਹ ਪਹਿਲਾਂ ਤਾਂ ਸੌਦਾ ਲੈਣ ਲਈ ਤਿਆਰ ਹੀ ਨਹੀਂ ਹੁੰਦਾ, ਫਿਰ ਜਦੋਂ ਤਿਆਰ ਹੁੰਦਾ ਹੈ, ਤਾਂ ਅਗਲੇ ਦੀ ਮੰਗੀ ਕੀਮਤ ਨਾਲੋਂ ਪੰਜ ਹਜ਼ਾਰ ਘੱਟ ਕਹਿ ਕੇ ਮਗਰੋਂ ਕੇਵਲ ਡੇਢ ਹਜ਼ਾਰ ਹੀ ਵਧਦਾ ਹੈ ਤੇ ਇਸ ਤਰ੍ਹਾਂ ਸੌਦਾ ਕਰ ਲੈਂਦਾ ਹੈ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਗਊ ਮੁੱਖਾ ਸ਼ੇਰ ਮੁੱਖਾ ਇਕਾਂਗੀ ਦਾ ਲੇਖਕ ਕੌਣ ਹੈ ?

   ਗੁਰਚਰਨ ਸਿੰਘ ਜਸੂਜਾ

2. ਸ਼ਰਨ ਸਿੰਘ ਕੀ ਕੰਮ ਕਰਦਾ ਸੀ

   ਦਲਾਲੀ ਦਾ

3. ਸੁਦਰਸ਼ਨ ਕਿਸਮ ਦੇ ਦਾ ਕੀ ਲੱਗਦਾ ਹੈ ?

   ਪੁੱਤਰ

4. ਸੁਦਰਸ਼ਨ ਨੇ ਕਿਹੜੀ ਜਮਾਤ ਪਾਸ ਕੀਤੀ ਸੀ ?

   ਦਸਵੀਂ

5. ਕਿਸ਼ਨ ਦੇ ਸ਼ਰਨ ਸਿੰਘ ਤੋਂ ਮਕਾਨ ਬਦਲੇ ਕਿੰਨੇ ਪੈਸੇ ਮੰਗਦੀ ਹੈ ?

   ਪੰਜਾਹ ਹਜ਼ਾਰ

6. ਸ਼ਰਨ ਸਿੰਘ ਕਿਸ ਨੂੰ ਮਜਬੂਰ ਕਰਕੇ ਮਕਾਨ ਦਿਖਾਉਣ ਦੇ ਲਈ ਲੈ ਜਾਂਦਾ ਹੈ ?

   ਚੋਪੜਾ ਸਾਹਿਬ ਨੂੰ

7. ਗਊਮੁਖਾ ਸ਼ੇਰਮੁਖਾ ਇਕਾਂਗੀ  ਵਿੱਚ ਲੇਖਕ ਨੇ ਕੀ ਪੇਸ਼ ਕੀਤਾ ਹੈ ?

   ਦਲਾਲਾਂ ਦੀ ਚੁਸਤ-ਚਲਾਕੀ